ਵਿਭਾਗ ਪੁਲਿਸ ਕਮਿਸ਼ਨਰੇਟ ਅੰਮ੍ਰਿਤਸਰ

**ਰੋਜ਼ਾਨਾਂ ਕਰਾਇਮ ਰਿਪੋਰਟ ਮਿਤੀ 23.04.25 ਵਕਤ 12.00 ਏ.ਐਮ.ਤੋਂ 12.00 ਏ.ਐਮ. ਤੱਕ**

**ਏ.ਡੀ.ਸੀ.ਪੀ-1**

**1.ਏ.ਸੀ.ਪੀ./ਸਾਊਥ (ਸੀ. ਡਵੀਜਨ, ਸੁਲਤਾਨਵਿੰਡ)**

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 1. | **ਸੁਲਤਾਨਵਿੰਡ** | 51 dt 23-4-25 u/s 22/29 NDPS Act, | SI Jagjit Singh | 1.ਸੁੱਖਵਿੰਦਰ ਸਿੰਘ ਉਰਫ ਬਾਮਣ **(Listed suppliers)** 2.ਸ਼ਰਨਜੀਤ ਸਿੰਘ ਉਰਫ ਸੰਨੀ (unlisted) | ਇਹ ਮੁਕੱਦਮਾ ਐਸ.ਆਈ ਜਗਜੀਤ ਸਿੰਘ ਨੰਬਰ 900/SGR ਦੀ ਲਿਖਤ ਪਰ ਦਰਜ ਰਜਿਸਟਰ ਕੀਤਾ ਗਿਆ ਕਿ ਦੋਰਾਨੇ ਗਸ਼ਤ ਵਾ ਤਲਾਸ਼ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਦੋਸੀ ਸੁੱਖਵਿੰਦਰ ਸਿੰਘ ਉਰਫ ਬਾਮਣ **ਪਾਸੋਂ** 79 **ਕੈਪਸੁਲ TRAMA SPAS-B** ਅਤੇ ਸ਼ਰਨਜੀਤ ਸਿੰਘ ਉਰਫ ਸੰਨੀ ਪਾਸੋਂ 95 **ਕੈਪਸੁਲ TRAMA SPAS-Bਕੁੱਲ** 174 **ਕੈਪਸੂਲ ਬ੍ਰਾਮਦ** ਹੋਣ ਤੇ ਦਰਜ ਰਜਿਸਟਰ ਕੀਤਾ ਗਿਆ। | SI Jagjit Singh |

**2.ਏ.ਸੀ.ਪੀ. / ਸੈਂਟਰਲ ( ਡੀ -ਡਵੀਜਨ, ਈ -ਡਵੀਜਨ, ਗੇਟ ਹਕੀਮਾ,ਇਸਲਾਮਾਬਾਦ)**

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 2. | **ਈ ਡਵੀਜਨ** | 25 DT 23.04.2025 U/S 305(A),331(4) BNS | ਰਾਹਿਲ ਸੱਚਦੇਵਾ | ਸੁਨੀਲ ਉਰਫ ਬਿੱਟੂ | ਮੁਦਈ ਸੁਆਮੀ ਕਰਿਆਨਾ ਸਟੋਰ ਨਾਮ ਦੀ ਦੁਕਾਨ ਚੋਕ ਅੰਮ੍ਰਿਤ ਟਾਕੀ ਅੰਮ੍ਰਿਤਸਰ ਵਿਖੇ ਕਰਦਾ ਹੈ ਮਿਤੀ 17.4.2025 ਨੂੰ ਹਰ ਰੋਜ ਦੀ ਤਰਾ ਆਪਣੀ ਦੁਕਾਨ ਰਾਤ ਕਰੀਬ 11.30 ਵਜੇ ਬੰਦ ਕਰਕੇ ਆਪਣੇ ਘਰ ਚਲਾ ਗਿਆ ਸੀ ਅਤੇ ਹਰ ਰੋਜ ਦੀ ਤਰਾ ਮਿਤੀ 18.4.2025 ਨੂੰ ਸਮਾ 11.00 ਵਜੇ ਦੁਕਾਨ ਖੋਲੀ ਤਾ ਦੇਖਿਆ ਕਿ ਮੇਰੀ ਦੁਕਾਨ ਦਾ ਗੱਲਾ ਟੁੱਟਾ ਹੋਇਆ ਸੀ ਗੱਲੇ ਵਿਚੋ **ਮੇਰੀ ਦੁਕਾਨ ਦੀ ਸੇਲ** 1,30,000/-**ਗਾਇਬ ਸਨ** ਜਦ ਮੈ ਆਪਣੀ ਦੁਕਾਨ ਦੇ ਉਪਰ ਛੱਤ ਤੇ ਗਿਆ ਤਾ ਛੱਤ ਪਰ ਬਣਿਆ ਮੁੱਗ/ਜੰਗਲਾ ਖੁੱਲਾ ਪਿਆ ਸੀ ਜੋ ਕੋਈ ਨਾ ਮਲੂਮ ਵਿਅਕਤੀ ਮੇਰੀ ਦੁਕਾਨ ਅੰਦਰ ਮੁੱਗ ਜੰਗਲੇ ਵਿਚੋ ਦਾਖਲ ਹੋ ਕੇ ਮੇਰੀ ਦੁਕਾਨ ਦਾ ਗੱਲਾ ਤੋੜ ਕੇ ਉਕਤ ਦੋਸੀ ਚੋਰੀ ਕਰਕੇ ਲੈ ਗਿਆ ਹੈ। | ASI ਰਛਪਾਲ ਸਿੰਘ |
| 3 | **ਗੇਟ** | 87 Dt. | ਲਵਪ੍ਰੀਤ ਸ਼ਰਮਾ | ਇੰਦਰਜੀਤ ਪੰਨੂ | ਇਹ ਮੁਦਕੱਦਮਾ ਮੁਦਈ ਦੇ ਬਿਆਨ ਤੇ ਦਰਜ | ਐਸ ਆਈ |

| | | | | | | |
|---|---|---|---|---|---|---|
| | **ਹਕੀਮਾ** | 23.4.25 U/s 109 BNS | | | ਰਜਿਸਟਰ ਕੀਤਾ ਗਿਆ ਕਿ ਲਵਪ੍ਰੀਤ ਸ਼ਰਮਾ ਦਾ ਰਹਿਣ ਵਾਲਾ ਅਤੇ ਮੁਹੱਲੇ ਵਿਚ ਇਲਤਾਹ ਮਿਲੀ ਕਿ **ਰਾਜ ਕੁਮਾਰ ਸ਼ਰਮਾ ਦੀ ਮਕਾਨ ਦੀ ਉਪਰੋ ਇਕ ਔਰਤ ਹੇਠਾ ਗਲੀ ਚਿ ਡਿਗੀ ਹੈ ਔਰਤ ਕੋਲ ਕਾਫੀ ਮੁਹੱਲੇ ਵਾਲੇ ਮੋਜੂਦ ਸਨ** ਜਿੱਥੋ ਪਤਾ ਲੱਗਾ ਕਿ ਇਸ ਔਰਤ ਨੂੰ ਇੰਦਰਜੀਤ ਪੰਨੂ ਲੈ ਕੇ ਆਇਆ ਸੀ ਜਿਸਨੂੰ ਔਰਤ ਬਾਰੇ ਪੁਛਿਆ ਜਿਸਨੇ ਦੱਸਿਆ ਕਿ ਇਸਦਾ ਨਾਮ ਕਾਜਲ ਹੈ ਜਿਸਨੂੰ ਮੈ ਇਸਲਮਾਬਾਦ ਪੁਲ ਦੇ ਥੱਲੀਉ ਲੈ ਕੇ ਆਇਆ ਸੀ ਔਰਤ ਦੇ ਕਾਫੀ ਸੱਟਾ ਲੱਗੀਆ ਸਨ ਜਿਸਤੇ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ। ਦੋਰਾਨੇ ਤਫਤੀਸ਼ ਪਤਾ ਲਗਾ ਕਿ ਦੋਸ਼ੀ ਉਕਤ ਇੰਦਰਜੀਤ ਪੰਨੂ ਕਾਜਲ ਨਾਲ ਗਲਤ ਹਰਕਤ ਕਰਨ ਲੱਗਾ ਸੀ ਜਿਸਨੇ ਕੋਠੇ ਤੋ ਛਾਲ ਮਾਰ ਤੀ। ਅਤੇ ਦੋਸੀ ਉਕਤ ਨੂੰ ਗ੍ਰਿਪਤਾਰ ਕੀਤਾ ਗਿਆ | ਨਰਿੰਦਰ ਕੁਮਾਰ |
| 4 | **ਗੇਟ ਹਕੀਮਾ** | 88 Dt. 23.4.25 U/s 21-B 27-A NDPS ACT 111 BNS | ਏ ਐਸ ਆਈ ਰਾਮੇਸ਼ ਕੁਮਾਰ | ਹੇਪੀ ਉਰਫ ਕਾਣਾ **(ਧਰੁਗ ਫਏਦਦਲਏਰ ਲ਼ਸਿਟ**) | ਮਨ ਏ ਐਸ ਆਈ ਸਮੇਤ ਸਾਥੀ ਕਰਮਚਾਰੀਆ ਇਲਾਕਾ ਥਾਣਾ ਮੋਜੂਦ ਸੀ ਕਿ ਦੋਰਾਨੇ ਚੈਕਿੰਗ ਹੇਪੀ ਉਰਫ ਕਾਣਾ ਪਾਸੋ **10 ਗ੍ਰਾਮ ਹੈਰੋਇਨ 1300 ਰੁ ਡੱਰਗ ਮਨੀ** ਬ੍ਰਾਮਦ ਹੋਣ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ | ਏ ਐਸ ਆਈ ਰਾਮੇਸ਼ ਕੁਮਾਰ |

## ਏ.ਡੀ.ਸੀ.ਪੀ-2

### 3.ਏ.ਸੀ.ਪੀ.ਨੌਰਥ (ਸਿਵਲ ਲਾਈਨ, ਸਦਰ, ਮਜੀਠਾ ਰੋਡ, ਰਣਜੀਤ ਐਵੀਨਿਉ )

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 1. | **ਸਦਰ** | 57 ਮਿਤੀ 23-04-2025 ਜੁਰਮ 333, 324(4), 326(G), 351(3), 191(3), 190 BNS | ਜੋਤੀ | ਅਣਪਛਾਤੇ ਵਿਅਕਤੀ | ਮੁਦਈ ਨੇ ਬਿਆਨ ਕੀਤਾ ਮੈ ਉਕਤ ਪਤੇ ਦੀ ਰਹਿਣ ਵਾਲੀ ਹਾਂ ਤੇ ਫੈਕਟਰੀ ਵਿੱਚ ਪੈਕਿੰਗ ਦਾ ਕੰਮ ਕਰਦੀ ਹਾਂ,ਮੇਰੇ ਤਿੰਨ ਬੱਚੇ ਹਨ ਜਿੰਨਾ ਵਿੱਚ 2 ਲੜਕੀਆਂ ਅਤੇ ਇੱਕ ਲੜਕਾ ਹੈ, ਮੇਰਾ ਪਤੀ ਪੇਂਟ ਦਾ ਕੰਮ ਕਰਦਾ ਹੈ ਤੇ ਮਿਹਨਤ ਮਜਦੂਰੀ ਕਰਕੇ ਆਪਣਾ ਪਰਿਵਾਰ ਪਾਲਦੀ ਹਾਂ,ਇਹ ਕਿ ਮਿਤੀ 20-4-2025 ਵਕਤ ਕ੍ਰੀਬ 9.30 PM ਦਾ ਸੀ ਤੇ ਕੁੱਝ ਅਣਪਛਾਤੇ ਵਿਅਕਤੀ ਮੇਰੇ ਘਰ ਆਏ ਤੇ ਮੇਰੇ ਘਰ ਦਾ ਤਾਲਾ ਤੋੜ ਕੇ ਅੰਦਰ ਦਾਖਲ ਹੋ ਗਏ ਤੇ ਘਰ **ਵਿੱਚ ਲੱਗੇ ਮੋਟਰਸਾਇਕਲ ਰੰਗ ਕਾਲਾ ਸਪਲੈਂਡਰ ਨੂੰ ਅੱਗ** | ASI ਸਾਹਿਬ ਸਿੰਘ |

| | | | | | | |
|---|---|---|---|---|---|---|
| | | | | | **ਲਾ ਦਿੱਤੀ** ।ਜਿਸ ਵਿੱਚ ਕੀਮਤੀ ਸਮਾਨ ਤੇ ਜਰੂਰੀ ਕਾਗਜਾਤ ਵੀ ਸਨ ਜੋ ਸੜ ਕੇ ਸਵਾਹ ਹੋ ਗਏ ਹਨ, ਆਪ ਜੀ ਪਾਸ ਆਈ ਹਾਂ ਕਿ ਇਹਨਾਂ ਨਾਮਾਲੂਮ ਵਿਅਕਤੀਆਂ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜਿਸ ਤੇ ਮੁਕਦਮਾ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਦੀ ਗਈ। | |
| 2. | **ਸਿਵਲ ਲਾਈਨ** | 59 ਮਿਤੀ 23-4-2025 ਜੁਰਮ 318(4), 319(2), 336(2), 336(3), 338, 340(2), 61(2) BNS | ਬਾਅਦਾਲਤ ਸ੍ਰੀ ਪਰਿੰਦਰ ਸਿੰਘ ASJ/ASRਜਿਲਾ ਕਚਹਿਰੀਆ ਅੰਮ੍ਰਿਤਸਰ | 1.ਰਣਜੋਧ ਸਿੰਘ ਉਰਫ ਜੋਧ<br>2.ਫਰਜੀ ਜਪਿੰਦਰ ਸਿੰਘ | ਮੁੱਕਦਮਾ ਉਕਤ ਮਾਣਯੋਗ ਅਦਾਲਤ ਦੇ ਹੁਕਮਾ ਅਨੁਸਾਰ ਦਰਜ ਰਜਿਸਟਰ ਕੀਤਾ ਗਿਆ ਕਿ ਦੋਸ਼ੀ ਰਣਜੋਧ ਸਿੰਘ ਉਕਤ ਵੱਲੋ **ਫਰਜੀ ਜਪਿੰਦਰ ਸਿੰਘ ਪੇਸ਼ ਕਰਕੇ ਮਾਣਯੋਗ ਅਦਾਲਤ ਵਿਚ ਜਾਅਲੀ ਜਮਾਨਤ ਭਰੀ ਗਈ** ਜਿਸਤੇ ਮੁੱਕਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | ASI ਹਰਜਿੰਦਰ ਸਿੰਘ |

## 5.ਏ.ਸੀ.ਪੀ.ਵੈਸਟ (ਛੇਹਰਟਾ, ਕੰਟੋਨਮੈਂਟ)

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 5. | **ਕੰਟੋਨਮੈਂਟ** | 67 ਮਿਤੀ 23.4.25 ਜੁਰਮ 126(2), 115(2), 137(2), 351(2), 3(5) BNS | ਸੁਖਜੀਤ ਕੋਰ | 1.ਹੈਪੀ ਛਰਾ ਪਿੰਡ ਮਿਰਾਕੋਟ ਦੋ ਨਾਮਨੂਮ ਵਿਅਕਤੀ | ਇਹ ਮੁਕਦਮਾ ਸੁਖਜੀਤ ਕੋਰ ਦੇ ਬਿਆਨ ਤੇ ਦਰਜ ਕੀਤਾ ਕੇ ਮੈ ਘਰੇਲੂ ਔਰਤ ਹਾਂ ਮੇਰੇ ਦੋ ਬੱਚੈ ਹਨ ਮੇਰਾ ਘਰਵਾਲਾ ਬਲਜਿੰਦਰ ਸਿੰਘ ਅਰਸਾ ਕ੍ਰੀਬ ¾ ਮਹਿਨੇ ਤੋ ਵਿਦੇਸ ਇਟਲੀ ਵਿਖੇ ਗਿਆ ਹੋਇਆ ਹੈ ਤੇ ਮੇਰੇ ਦੋ ਬੇਟੇ ਹਨ। ਇਕ ਦਾ ਨਾਮ ਸੁਦੀਰ ਸਿੰਘ ਉਮਰ 16 ਸਾਲ ਤੇ ਦੁਜੇ ਦਾ ਨਾਮ ਮਾਧਵ ਸਿੰਘ ਉਮਰ 14 ਸਾਲ ਹੈ ਜੋ ਕਿ ਨੋਵੀ ਕਲਾਸ ਵਿਚ ਖਾਲਸਾ ਕਾਲਜ ਸੀਨੀਅਰ ਸਕੈਂਡਰੀ ਸਕੂਲ ਛੇਹਰਾਟਾ ਅੰਮ੍ਰਿਤਸਰ ਵਿਖੇ ਪੜਦਾ ਹੈ ਜੋ ਕਿ ਮਿਤੀ 16-4-2025 ਨੂੰ ਵਕਤ ਕ੍ਰੀਬ 11.00 ਵਜੇ ਦਿਨ ਮੇਰਾ ਬੇਟਾ ਮਾਧਵ ਸਿੰਘ ਘਰ ਤੋ ਦੁਕਾਨ ਤੋ ਸੋਦਾ ਲੈਣ ਲਈ ਰਾਜੂ ਕਰਿਆਨਾ ਸਟੋਰ ਮਾਲਾਵਾਲੀ ਅੰਮ੍ਰਿਤਸਰ ਗਿਆ ਸੀ ਤੇ ਜੋ ਕਾਫੀ ਦੇਰ ਵਾਪਸ ਨਹੀ ਆਈਆ। ਤਾ ਵਕਤ ਕ੍ਰੀਬ 11.45 ਵਜੇ ਦਿਨ ਮੇਰਾ ਲੜਕਾ | ASI ਜੋਗਾ ਸਿੰਘ ਚੋਕੀ ਗੁੰਮਟਾਲਾ |

| | | | | | | |
|---|---|---|---|---|---|---|
| | | | | | ਵਾਪਸ ਆਈਆ ਤਾ ਜਿਸ ਨੇ ਵਾਪਸ ਆ ਕੇ ਮੈਨੂੰ ਦੱਸਿਆ "ਕਿ ਮੈ ਰਾਜੂ ਕਰਿਆਨੇ ਦੀ ਦੁਕਨ ਤੋ ਕੁੱਜ ਦੂਰੀ ਮੈਨੂੰ ਤਿੰਨ ਅਣਪਛਾਤੇ ਲੜਕੇ ਜਿਨਾ ਵਿੱਚ ਇਕ ਦਾ ਨਾਮ ਹੈਪੀ ਛੜਾ ਜੋ ਮੋਟਰ ਸਾਇਕਲ ਦੇ ਪਿਛੇ ਬੈਠਾ ਸੀ ਸਵਾਰ ਹੋ ਕਿ ਆਏ ਜਿਨਾ ਮੈਨੂੰ ਘੇਰ ਕੇ ਪੁਛਿਆ ਕੇ ਤੇਰੇ ਚਾਚੇ ਹਰਪਾਲ ਸਿੰਘ ਉਰਫ ਭਾਲੇ ਦਾ ਫੋਨ ਨੰਬਰ ਕੀ ਹੈ। ਤਾ ਮੈ ਉਹਨਾ ਨੂੰ ਕਿਹਾ ਕਿ ਮੈਨੂੰ ਹਰਪਾਲ ਸਿੰਘ ਉਰਫ ਭਾਲੇ ਦਾ ਫੋਨ ਨੰਬਰ ਪਤਾ ਨਹੀ ਹੈ। ਹੈਪੀ ਛੜੇ ਨੇ ਮੇਰਾ ਫੋਨ ਖੋਹਕੇ ਮੇਹਰੇ ਚਾਚੇ ਹਰਪਾਲ ਸਿੰਘ ਉਰਫ ਭਾਲੇ ਦੇ ਫੋਨ ਤੇ ਮੇਰੇ ਫੋਨ ਤੋ ਕਾਲ ਕੀਤੀ ਤਾ ਮੇਰੇ ਚਾਚੇ ਹਰਪਾਲ ਸਿੰਘ ਉਰਫ ਭਾਲੇ ਨੇ ਫੋਨ ਚੁੱਕ ਲਿਆ ਤੇ ਹੈਪੀ ਛੜੇ ਨੇਮੇਰੇ ਚਾਚੇ ਹਰਪਾਲ ਸਿੰਘ ਉਰਫ ਭਾਲੇ ਨੂੰ ਫੋਨ ਤੇ ਗਾਲੀ ਗਲੋਚ ਕੀਤਾ ਤੇ ਕਿਹਾ ਕਿ ਅਸੀ ਤੇਰੇ ਭਤੀਜੇ ਨੂੰ ਲੈ ਚਲੇ ਹਾਂ ਅਤੇ ਇੰਨੇ ਨੂੰ ਹੈਪੀ ਛੜੇ ਨੇ ਆਪਣੀ ਡੱਬ ਵਿਚੋ ਕਮੀਜ ਚੁੱਕ ਕੇ ਪਿਸਤੋਲ ਵਿਖਾਇਆ ਤੇ ਜਾਨੋ ਮਾਰਨ ਦੀ ਧਮਕੀ ਦਿਤੀ ਤੇ ਮੈਨੂੰ ਹੈਪੀ ਛੜੇ ਨੇ ਚੁਕਕੇ ਮੋਟਰ ਸਾਈਕਲ ਵਿਚ ਬਿਠਾ ਲਿਆ ਤੇ ਮੈਨੂੰ ਪਿੰਡ ਤਾਬੋਵਾਲੀ ਪੈਲੀਆ ਵਿਚ ਲੈ ਗਏ ਜਿਥੇ ਜਾਕੇ ਮੈਨੂੰ ਉਹਨਾ ਨੇ ਕੁੱਟ ਮਾਰ ਕੀਤੀ ਤੇ ਮੇਰਾ ਮੋਬਾਇਲ ਫੋਨ ਵੀ ਤੋੜ ਦਿਤਾ ਤੇ ਧਮਕੀ ਦਿਤੀ ਕਿ ਆਪਣੇ ਘਰਦਿਆ ਨੂੰ ਕਹਿ ਕਿ **ਲੱਖ ਰੁਪਏ ਦੇਕੇ ਮੈਨੂੰ ਲੈ ਜਾਓ** ਪਰ ਉਸੇ ਟਾਈਮ ਹੀ ਮੇਰੀ ਪਹਿਨੀ ਹੋਈ ਟੀ ਸ਼ਰਟ ਉਤਾਰ ਕੇ ਮੇਰੇ ਤੋ ਮੁਆਫੀ ਮੰਗਵਾਕੇ ਪੈਰੀ ਹੱਥ ਲਗਵਾਕੇ ਕਹਿੰਦੇ ਕੇ ਭੱਜ ਜਾ ਤੇ ਮੈ ਡਰਦਾ ਹੋਇਆ ਉਥੋ ਆਪਣੀ ਜਾਨ ਬਚਾਕੇ ਆਪਣੇ ਘਰ ਨੂੰ ਭਜ ਪਿਆ ਤੇ ਹੈਪੀ ਛੜਾ ਤੇ ਉਸ ਦੇ ਸਾਥੀ ਮੇਰੇ ਪਿਛੇ ਮੋਟਰ ਸਾਈਕਲ ਲਗਾਕੇ ਕਾਫੀ ਪਿਛਾ ਕੀਤਾ ਜਦੋ ਵੀ ਮੈ ਰੁਕਦਾ ਸੀ ਤਾ ਮੇਰੇ ਡੰਡੇ ਮਾਰ ਕੇ ਭਜਾਉਦੇ ਸੀ" ਇਹ ਗੱਲ ਸਾਰੀ ਮੇਰੇ ਲੜਕੇ ਨੇ ਮੈਨੂੰ ਆਕੇ ਦੱਸੀ ਤੇ ਮੈ ਆਪਣੇ ਲੜਕੇ ਨੂੰ ਇਲਾਜ ਲਈ ਸਿਵਲ ਹਸਪਤਾਲ ਅੰਮ੍ਰਿਤਸਰ ਦਾਖਲ ਕਰਾਇਆ ਜਿਥੇ ਡਾਕਟਰ ਸਾਹਿਬ ਨੇ ਮੇਰੇ ਲੜਕੇ ਦਾ ਇਲਾਜ ਕਰਕੇ ਉਸੇ ਦਿਨ ਹੀ ਫਾਰਗ ਕਰ ਦਿਤਾ | |

## ਏ.ਡੀ.ਸੀ.ਪੀ-3

**6. ਏ.ਸੀ.ਪੀ.ਈਸਟ (ਮਕਬੂਲਪੁਰਾ, ਮੋਹਕਮਪੁਰਾ, ਬੀ ਡਵੀਜਨ, ਏ-ਡਵੀਜਨ, ਵੇਰਕਾ )**

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਸੰਖੇਪ ਹਾਲਾਤ (ਬ੍ਰਾਮਦਗੀ ਜੇਕਰ ਕੋਈ ਹੈ) | ਤਫਤੀਸ਼ੀ ਅਫਸਰ |
|---|---|---|---|---|---|---|
| 1. | **ਮਕਬੂਲ ਪੁਰਾ (ਵੱਲਾ)** | 70 ਮਿਤੀ 23-04-2025 ਜੁਰਮ 21B/61/85 NDPS ACT | SI ਗੁਰਚਰਨ ਸਿੰਘ | ਗੁਰਪਿੰਦਰ ਸਿੰਘ ਉਰਫ ਪਿੰਦਰ (**Drug Peddler List**) | ਇਹ ਮੁੱਕਦਮਾ ਸ਼ੀ ਗੁਰਚਰਨ ਸਿੰਘ ਵਲੋ ਦਰਜ ਰਜਿਸਟਰ ਕਰਵਾਇਆ ਗਿਆ ਦੌਰਾਣੇ ਗਸ਼ਤ ਮਨ SI ਵਲੋ ਸਾਥੀ ਕਰਮਚਾਰੀਆ ਦੀ ਮਦਦ ਨਾਲ ਸ਼ੱਕ ਦੇ ਬਿਨਾਹ ਤੇ ਇਕ ਵਿਅਕਤੀ ਗੁਰਪਿੰਦਰ ਸਿੰਘ ਉਕਤ ਪਾਸੋ **6 ਗ੍ਰਾਮ 15 ਮਿਲੀ ਗ੍ਰਾਮ ਹੈਰੋਇਨ ਬ੍ਰਰਾਮ** ਹੋਣ ਪਰ ਦਰਜ ਰਜਿਸਟਰ ਕੀਤਾ ਗਿਆ । | SI ਗੁਰਚਰਨ ਸਿੰਘ |
| 2. | **ਮਕਬੂਲ ਪੁਰਾ** | 71 ਮਿਤੀ 23-04-2025 ਜੁਰਮ 303(2)BNS 32/33 INDIAN FOREST ACT 1927 | ਗੁਰਦੀਪ ਸਿੰਘ | 1.ਸੁਖਵਿੰਦਰ ਸਿੰਘ<br>2.ਹੀਰਾ ਸਿੰਘ | ਇਹ ਮੁਕਦਮਾ ਬਰ ਬਿਆਨ ਗੁਰਦੀਪ ਸਿੰਘ ਦਰਜ ਰਜਿਸਟਰ ਕੀਤਾ ਗਿਆ ਕਿ ਉਹ ਵੰਨ ਵਿਭਾਗ ਵਿੱਚ ਬਤੋਰ ਗਾਰਡ ਤਾਇਨਾਤ ਹੈ।ਖੂਫੀਆ ਸੋਰਸ ਤੋ ਸੂਚਨਾ ਮਿਲਣ ਪਰ ਕਿ ਇਕ ਛੋਟਾ ਹਾਥੀ ਪਰ ਸਰਵਾਰ ਦੋ ਵਿਅਕਤੀ ਜੰਗਲਾਤ ਵਿਭਾਗ ਦੀ **ਲੱਕੜ ਚੋਰੀ ਕਰਕੇ ਅੰਮ੍ਰਿਤਸਰ ਵੇਚਨ ਆ ਰਹੇ ਹਨ** ਜਿਨਾ ਨੂੰ ਗੁਰਦੀਪ ਸਿੰਘ ਸਮੇਤ ਉਸਦੇ ਮੇਟ ਸੁਖਵਿੰਦਰ ਸਿੰਘ ਨੇ ਛੋਟੇ ਹਾਥੀ ਨੂੰ **ਸਮੇਤ ਚੋਰੀ ਸ਼ੁਦਾ ਲਕੜ ਕਾਬੂ ਕਰਕੇ ਆਪਣੇ** ਬਿਆਨ ਦਰਜ ਕਰਵਾਕੇ ਬਰਖਿਲਾਫ ਸੁਖਵਿੰਦਰ ਸਿੰਘ ਅਤੇ ਹੀਰਾ ਸਿੰਘ ਪਰ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ | ASI ਬਲਦੇਵ ਸਿੰਘ |
| 3 | **ਮੋਹਕਮ ਪੁਰਾ** | 45 ਮਿਤੀ 23-4-25 ਜੁਰਮ 75(1) BNS | ਨਿਸ਼ਾ | ਰਾਜਨ ਉਰਫ ਮਨੀ | ਮੁਦਈਆ ਨਿਸ਼ਾ ਉਕਤ ਨੇ ਬਿਆਨ ਲਿਖਵਾਇਆ ਕਿ ਅਰਸਾ ਕਰੀਬ 12 ਮਹੀਨਾ ਪਹਿਲਾ ਮੇਰਾ ਸੰਪਰਕ INSTAGRAM ID ਰਾਹੀ ਰਾਜਨ ਉਰਫ ਮਨੀ (**ਜਿਸ ਦੀ ਉਮਰ ਵੀ ਕਰੀਬ 25 ਸਾਲ ਹੈ**) ਨਾਲ ਹੋਇਆ ਅਤੇ ਅਸੀ ਦੋਨੇ ਚੰਗੇ ਦੋਸਤ ਬਣ ਗਏ ਅਤੇ ਦੋਸਤੀ ਦੌਰਾਨ ਅਸੀ ਦੋਨੇ ਜਾਣੇ ਇੱਕ ਦੂਸਰੇ ਨੂੰ ਮਿਲਣ ਲੱਗ ਪਏ ਅਤੇ ਮੈ ਰਾਜਨ ਨੂੰ ਕਈ ਵਾਰ ਆਪਣੇ ਨਾਲ ਵਿਆਹ ਕਰਾਉਣ ਲਈ ਕਹਿੰਦੀ ਸੀ ਅਤੇ ਰਾਜਨ ਵੀ ਮੇਰੇ ਨਾਲ ਵਿਆਹ ਕਰਾਉਣ ਲਈ ਰਾਜੀ ਸੀ ਅਤੇ ਮੈਨੂੰ ਕਹਿੰਦਾ ਹੁੰਦਾ ਸੀ ਕਿ ਮੈਂ ਆਪਣੀ ਮਾਤਾ ਨੂੰ ਮਨਾ ਕੇ ਇੱਕ ਦੂਸਰੇ ਨਾਲ ਵਿਆਹ ਕਰਵਾ ਲਵਾਗੇ। ਮੈਂ ਵੀ ਇਸ ਦੀਆ ਗੱਲਾ ਵਿੱਚ ਆ ਕੇ ਰਾਜਨ ਨਾਲ ਮਿਲਣਾ ਵਰਤਨਾ ਸ਼ੁਰੂ ਕਰ | ਅਸ਼ੀ ਸੁਖਦੇਵ ਸਿੰਘ |

| | | | | | | |
|---|---|---|---|---|---|---|
| | | | | | ਦਿੱਤਾ ਅਤੇ ਅਪ੍ਰੈਲ 2025 ਵਿੱਚ ਰਾਜਨ ਨੇ ਮੈਨੂੰ ਆਪਣੀਆ ਗੱਲਾ ਵਿੱਚ ਲਿਆ ਕੇ ਮੇਰੇ ਨਾਲ ਮੇਰੀ ਮਰਜੀ ਤੋ ਬਗੈਰ ਮੇਰੇ ਸਰੀਰ ਦੇ ਅੰਗਾ ਨੂੰ ਛੂਹਦਾ ਰਹਿੰਦਾ ਸੀ। ਜੱਦ ਹੁਣ ਮੇਰੇ ਪਰਿਵਾਰ ਵੱਲੋ ਰਾਜਨ ਨੂੰ ਮੇਰੇ ਨਾਲ ਵਿਆਹ ਕਰਾਉਣ ਲਈ ਕਿਹਾ ਤਾ ਰਾਜਨ ਵੱਲੋ ਮੇਰੇ ਨਾਲ ਵਿਆਹ ਕਰਨ ਤੋ ਮਨਾ ਕਰ ਦਿੱਤਾ। ਜੋ ਮੇਰਾ ਪਰਿਵਾਰ ਹੁਣ ਤੱਕ ਇਹਨਾ ਦੇ ਮੇਰੇ ਨਾਲ ਵਿਆਹ ਕਰਨ ਲਈ ਤਰਲੇ ਮਿਨਤਾ ਕਰ ਰਿਹਾ ਹੈ । ਜੋ ਇਹਨਾ ਦੇ ਦਿੱਲਾ ਵਿੱਚ ਕੋਈ ਵੀ ਦਯਾਅ ਨਹੀ ਆਈ। ਜਿਸ ਤੇ ਮੁਕਦਮਾ ਦਰਜ ਰਜਿਸਟਰ ਕੀਤਾ ਗਿਆ। | |
| 5 | **ਬੀ ਡਵੀਜ ਨ** | 71 ਮਿਤੀ 23.04.2025 ਜੁਰਮ 21(b) Ndps act | si arjun singh | ਦੋਸ਼ੀ ਗੁਰਮੀਤ ਸਿੰਘ ਉਰਫ ਤੋਤੀ (**Drug Peddler List**) | si arjun singh ਸਮੇਤ ਸਾਥੀ ਕਰਮਚਾਰੀਆ ਕਪੂਰ ਨਗਰ ਮੋੜ ਪ੍ਰਤਾਪ ਨਗਰ ਨੇੜੇ ਨਹਿਰ ਸੁਤਾਨਵਿੰਡ ਅੰਮ੍ਰਿਤਸਰ ਮੋਜੂਦ ਸੀ ਕਿ ਦੋਸ਼ੀ ਗੁਰਮੀਤ ਸਿੰਘ ਉਰਫ ਤੋਤੀ ਨਹਿਰ ਲਾਗੇ ਕੱਚੇ ਰਸਤੇ ਆਉਦਾ ਦਿਖਾਈ ਦਿੱਤਾ ਜੋ ਆਪਣੇ ਹੱਥ ਵਿੱਚ ਫੜੇ ਮੋਮੀ ਲਿਫਾਫੇ ਨੂੰ ਸੁਟਨ ਲਗਾਤਾ si arjun singh ਨੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਕਾਬੂ ਕੀਤਾ ਤਾ ਲਿਫਾਫੇ ਵਿੱਚੋ 20ਗ੍ਰਾਮ ਹੈਰੋਇਨ ਬ੍ਰਾਮਦ ਹੋਈ ਜਿਸ ਤੇ ਮੁੱਕਦਮਾ ਨੰਬਰ 71 ਮਿਤੀ 23.04.2025 ਜੁਰਮ 21(b) ndps act ਥਾਣਾ ਬੀ ਡਵੀਜਨ ਅੰਮ੍ਰਿਤਸਰ ਦਰਜ ਰਜਿਸਟਰ ਕੀਤਾ ਗਿਆ<br>**ਬ੍ਰਾਮਦਗੀ : 20 ਗ੍ਰਾਮ ਹੈਰੋਇਨ** | Si arjun singh |
| 5 | **ਬੀ ਡਵੀਜ ਨ** | 70 ਮਿਤੀ 23.04.2025 ਜੁਰਮ 118(1), 351, 190, 115(2), 194(2) BNS | Asi sukhwinder singh | 1. ਦੋਸ਼ੀ ਰਮਨਪ੍ਰੀਤ ਸਿੰਘ 2.ਹਰਵਿੰਦਰ ਸਿੰਘ ਬਾਕੀ ਅਣਪਛਾਤੇ | Asi sukhwinder singh ਸਮੇਤ ਸਾਥੀ ਕਰਮਚਾਰੀਆ ਹਾਜਰ ਥਾਣਾ ਸੀ ਕਿ ਮਿਤੀ 22.04.2025 ਨੂੰ ਜੋ ਮੇਰੇ ਪਾਸ ਦੋ ਧੀਰਾ ਜਿਹਨਾ ਪਹਿਲੀ ਧੀਰ ਰਮਨਪ੍ਰੀਤ ਸਿੰਘ ਦੂਜੀ ਧੀਰ ਹਰਵਿੰਦਰ ਸਿੰਘ ਜੋ ਦੋਵੇ ਧੀਰਾ ਨੂੰ ਡਾਕਟ ਦੇ ਕੈ ਸਿਵਲ ਹਸਪਤਾਲ ਭੇਜਿਆ ਸੀ ਜੋ ਦੋਵੇ ਧੀਰਾ ਨਾਲ ਪੰਜ/ਪੰਜ ਅਣਪਛਾਤੇ ਵਿਅਕਤੀ ਸਨ ਜੋ ਦੋਵੇ ਦੀਰਾ ਸੁਲਾਨਵਿੰਡ ਗੇਟ ਨਜਦੀਕ ਥਾਣਾ ਬੀ ਡਵੀਜਨ ਪੁਜੀਆਂ ਤਾ ਦੋਵੇ ਧੀਰਾ ਆਪਸ ਵਿੱਚ ਲੜਾਈ ਝਗੜਾ ਕਰਨ ਲੱਗ ਪਏ ਜਿਹਨਾ ਨਾਲ | Asi sukhwind er singh |

| | | | | | | |
|---|---|---|---|---|---|---|
| | | | | | ਪਬਲਿਕ ਨੂੰ ਆਉਨ ਜਾਨ ਵਾਲੀ ਨੂੰ ਪਰੇਸ਼ਾਨੀ ਦਾ ਸਾਹਮਨਾ ਕਰਨਾ ਪੇ ਰਿਹਾ ਸੀ ਜਿਸ ਕਰਕੇ ਜੁਰਮ 118(1), 351, 190, 115(2),194(2) bns ਦਰਜ ਮੁੱਕਦਮਾ ਰਜਿਸਟਰ ਕੀਤਾ ਗਿਆ | |